Punjabi Jagran

# ਐੱਮਬੀਡੀ ਮਾਲ ਨੇ ਮਨਾਈ 9ਵੀਂ ਵਰ੍ਹੇਗੰਢ

**ਪੱਤਰ ਪ੍ਰੇਰਕ, ਲੁਧਿਆਣਾ :** ਐੱਮਬੀਡੀ ਨਿਓਪੋਲਿਸ ਮਾਲ ਵੱਲੋਂ ਆਪਣਾ 9ਵਾਂ ਸਥਾਪਨਾ ਦਿਵਸ ਐਟਰਿਅਮ ਮਾਲ ਵਿਖੇ ਮਨਾਇਆ ਗਿਆ। ਇਸ ਮੌਕੇ ਖਰੀਦਦਾਰਾਂ ਅਤੇ ਰਿਟੇਲ ਵਿਕਰੇਤਾਵਾਂ ਦੇ ਨਾਲ ਕੇਕ ਕੱਟਿਆ ਗਿਆ। ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਮਾਲ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਡਿਜ਼ਾਇਨ ਕੀਤਾ ਗਿਆ। ਮਾਲ ਨੂੰ 9 ਅੰਕ ਦੇ ਨੰਬਰ ਦੇ ਆਕਾਰ ਵਿਚ ਸਜਾਇਆ ਗਿਆ, ਜੋ 9ਵੀਂ ਵਰ੍ਹੇਗੰਢ ਨੂੰ ਦਰਸਾ ਰਿਹਾ ਸੀ। ਇਸ ਮੌਕੇ ਐੱਮਬੀਡੀ ਗਰੁੱਪ ਦੀ ਜੁਆਇੰਟ ਪ੍ਰਬੰਧ ਨਿਰਦੇਸ਼ਕ ਸੋਨਿਕਾ ਮਲਹੋਤਰਾ ਕੰਧਾਰੀ ਨੇ ਕਿਹਾ ਕਿ ਉਨ੍ਹਾਂ ਲਈ ਇਹ 9 ਸਾਲ ਸ਼ਾਨਦਾਰ ਰਹੇ। ਐੱਮਬੀਡੀ ਨਿਓਪੋਲਿਸ ਮਾਲ ਸਹੀ ਮਾਇਨੇ ਵਿਚ ਇਕ ਲਾਈਫਸਟਾਈਲ ਡੇਸਟੀਨੇਸ਼ਨ ਹੈ। ਨਵੀਨਤਮ ਤੇ ਸ਼ਾਨਦਾਰ ਰਿਟੇਲ ਬ੍ਰਾਂਡਾਂ ਨੂੰ ਲੁਧਿਆਣਾ ਸ਼ਹਿਰ ਵਿਚ ਲਿਆਉਣ ਲਈ ਮਾਲ ਨੇ ਬਹੁਤ ਯੋਗਦਾਨ ਪਾਇਆ ਹੈ।